Cbsemath.com in the service of student community
The no.1 CBSE Mathematics website in the world

M.M.100 **Punjabi Mock Test 2010** Time 3h

ਭਾਗ (ੳ)

੧ (ੳ) ਹੇਠ ਲਿਖਿਆਂ ਨੂੰ ਦਿੱਤੀ ਹਿਦਾਇਤਾਂ ਅਨੁਸਾਰ ਹੱਲ ਕਰੋ :

(੧) ਬੇ : (ਅਗੇਤਰ ਲਾ ਕੇ ਦੋ ਸ਼ਬਦ ਬਣਾਓ) ੧
(੨) ਹੀਣ : (ਪਿਛੇਤਰ ਲਾ ਕੇ ਦੋ ਸ਼ਬਦ ਬਣਾਓ) ੧
(੩) ਜਿਉਂਦਾ ਅਤੇ ਜਾਗਦਾ : (ਸਮਾਸੀ ਸ਼ਬਦ ਬਣਾਓ) ੧

੨ (ਅ) ਹੇਠ ਲਿਖੇ ਵਾਕ ਵਿੱਚ ਕੇਵਲ ਨਾਂਵ ਸ਼ਬਦਾਂ ਦੀ ਪਦ-ਵੰਡ ਕਰੋ : ੩

ਗੁਰਮੀਤ ਨੇ ਗਾਂ ਨੂੰ ਛੋਲੇ ਖੁਆਏ ।

(ੲ) (੧) ਸ਼ੋਰ ਸ਼ਰਾਬਾ ਕਰਨ ਵਾਲਿਆਂ ਕੋਈ ਗੱਲ ਨਾ ਸੁਣਨ ਦਿੱਤੀ । (ਵਾਕ ਸ਼ੁੱਧ ਕਰਕੇ ਲਿਖੋ ) ੧

(੨) ਭੁਮਿ, ਵਿਆਕਰਣ, ਮੰਤ੍ਰੀ, ਚੜ੍ਹਣਾ ( ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ ) ੪*੧/੨=੨

(ਸ) ਵਿਸ਼ਰਾਮ ਚਿੰਨ੍ਹ ਲਗਾਓ : ਰੱਬ ਨੇ ਬਾਬੇ ਨੂੰ ਕਿਹਾ ਮੰਗ ਲੈ ਜੋ ਕੁਝ ਮੰਗਣਾ ਈ ਬਾਬੇ ਮੰਗਿਆ ਮੈਨੂੰ ਉਹ ਦਿੱਬ ਦ੍ਰਿਸ਼ਟੀ ਬਖ਼ਸ਼ੋ ਜਿਸ ਨਾਲ ਦਿੱਸ ਪਵੇ ਪਈ ਪਿਛਲੇ ਜਨਮ ਵਿੱਚ ਕੋਈ ਕੀ ਸੀ ੩

(ਹ) (੧) ਚੰਗੇ ਨੰਬਰ ਲੈਣ ਲਈ ਰੱਜ ਕੇ ਮਿਹਨਤ ਕਰੋ । (ਸਾਧਾਰਨ ਵਾਕ ਤੋਂ ਮਿਸ਼ਰਤ ਵਾਕ ਬਣਾਓ)

(੨) ਬਿਮਾਰ ਇਸਤਰੀ ਦਵਾਈ ਪੀ ਕੇ ਸੌਂ ਗਈ । ( ਸਾਧਾਰਨ ਵਾਕ ਤੋਂ ਸਯੁੰਕਤ ਵਾਕ ਵਿੱਚ ਬਦਲੋ )

(੩) ਸੰਤਾਂ ਦਾ ਕੋਈ ਵੈਰੀ ਨਹੀਂ ਹੁੰਦਾ । ( ਨਾਂਹਵਾਚਕ ਤੋਂ ਹਾਂਵਾਚਕ ਵਿੱਚ ਬਦਲੋ) ੧*੩=੩

Also Visit Cbsemathspapers.com

Cbsemath.com in the service of student community
The no.1 CBSE Mathematics website in the world

੨ (ੳ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਤਿੰਨ ਮੁਹਾਵਰੇ ਆਪਣੇ ਵਾਕਾਂ ਵਿੱਚ ਵਰਤਕੇ ਅਰਥ ਸਪਸ਼ਟ ਕਰੋ : ੧*੩=੩

(੧) ਉਸਤਾਦੀ ਕਰਨੀ
(੨) ਇੱਕ ਅੱਖ ਨਾਲ ਵੇਖਣਾ
(੩) ਹੱਥ ਵਟਾਉਣਾ
(੪) ਖਿਆਲੀ ਪੁਲਾਅ ਪਕਾਉਣੇ
(੫) ਚਾਂਦੀ ਦੀ ਜੁੱਤੀ ਮਾਰਨਾ

(ਅ) ਹੇਠ ਲਿਖੇ ਅਖਾਣ ਕਿਸ ਵਿਸ਼ੇਸ਼ ਮੌਕੇ 'ਤੇ ਵਰਤੇ ਜਾਂਦੇ ਹਨ ? ੧*੨=੨

(੧) ਅਸਮਾਨ 'ਤੇ ਥੁੱਕਿਆਂ ਆਪਣੇ ਮੂੰਹ 'ਤੇ ਪੈਂਦਾ ਹੈ ।

(੨) ਚੋਰ ਦੀ ਮਾਂ ਕਦ ਤੱਕ ਖੈਰ ਮਨਾਏਗੀ ।

੩ ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ ੩੦੦ ਸ਼ਬਦਾਂ ਦਾ ਲੇਖ ਲਿਖੋ : ੧੨

(੧) ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ
(੨) ਇੰਟਰਨੈੱਟ ਦਾ ਮਹੱਤਵ
(੩) ਉਲੰਪਿਕ ਖੇਡਾਂ
(੪) ਨੌਜੁਵਾਨ ਪੀੜ੍ਹੀ ਵਿੱਚ ਨਸ਼ਿਆਂ ਦੀ ਵਰਤੋਂ
(੫) ਸਮਾਜਕ ਬੁਰਾਈਆਂ ਦਾ ਹੱਲ

੪ ਜਲ ਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਆਪਣੇ ਇਲਾਕੇ ਵਿੱਚ ਪਾਣੀ ਨਾ ਆਉਣ ਦੀ ਸਮੱਸਿਆ ਦੱਸੋ ਅਤੇ ਉਸ ਦੇ ਹੱਲ ਲਈ ਬੇਨਤੀ ਕਰੋ । ੮

ਜਾਂ

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ, ਜਿਸ ਵਿੱਚ ਨਿੱਤ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਚਿੰਤਾ ਪਰਗਟ ਕਰੋ ।

Also Visit
cbsesocialscience.com
History, Geography, Economics and Civics

Cbsemath.com in the service of student community
The no.1 CBSE Mathematics website in the world

੫ ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ : ੮+੨=੧੦

ਭਾਈ ਗੁਰਦਾਸ ਜੀ ਦੀ ਸਖ਼ਸ਼ੀਅਤ ਬਹੁਤ ਉੱਚੀ ਸੀ । ਹਰ ਜਗ੍ਹਾ ਹਰ ਮੌਕੇ ਉੱਤੇ ਆਪ ਦਾ ਪ੍ਰਭਾਵ ਅਤੀ ਡੂੰਘਾ ਪੈਂਦਾ ਸੀ । ਆਪ ਦੀ ਪਦਵੂ ਗੁਰਸਿੱਖਾਂ ਤੇ ਵਿਦਵਾਨਾਂ ਵਿੱਚ ਬਹੁਤ ਉੱਘੀ ਸੀ । ਆਪ ਦੇ ਅੰਤਰ-ਆਤਮੇ ਵਿੱਚ ਸਤਿਗੁਰ ਜੀ ਆਪ ਵਸਦੇ ਸਨ । ਗੁਰਬਾਣੀ ਸੁਣ ਕੇ, ਪੜ੍ਹ ਕੇ, ਵਿਚਾਰ ਕੇ ਉਸ ਉੱਤੇ ਅਮਲ ਕਰਦੇ ਸਨ । ਦੇਸ-ਦਸਾਂਤਰਾਂ ਵਿੱਚ ਗੁੜ੍ਹ ਰਸ ਮਾਣਦੇ, ਵਿਚਾਰਦੇ, ਬਹੁਤ ਦੁਨੀਆਂ ਨੂੰ ਦੇਖਦੇ, ਸਮਝਦੇ, ਤਜ਼ਰਬੇਕਾਰ ਗੁਰੂ ਦੇ ਸੇਵਕ ਸਨ । ਆਪ ਕੁਦਰਤ ਤੇ ਉਸ ਦੇ ਵਿਸਮਾਦ ਵਿੱਚ ਝੂਮਦੇ, ਗੁਰੂ ਜੀ ਦੇ ਨਿਕਟਵਰਤੀ ਸ਼ਰਧਾਲੂ ਵਿਦਵਾਨ ਕਵੀ ਸਨ । ਆਪ ਦੀ ਕਵਿਤਾ ਸੁਤੇ ਸਿੱਧ ਹੀ ਸਿਫ਼ਤ ਸਲਾਹ ਅਤੇ ਗੁਣਾਂ ਦਾ ਵਰਣਨ ਕਰਨ ਵਾਲੀ ਅਤੇ ਰਸਦਾਇਕ ਸੀ ।ਸਤਿਗੁਰ ਜੀ ਆਮ ਸਮੇਂ-ਸਮੇਂ ਸਿਰ ਇਹਨਾਂ ਦੀ ਕਵਿਤਾ ਸੁਣਦੇ, ਟੀਕਾ ਟਿੱਪਣੀ ਕਰਦੇ ਅਤੇ ਹੋਰ ਚੰਗਿਆਈਆਂ ਦੀ ਰੰਗਤ ਦਿੰਦੇ । ਸਤਿਗੁਰੂ ਜੀ ਨੇ ਭਾਈ ਸਾਹਿਬ ਨੂਮ ਪੂਰਨਕਲਾਕਾਰ ਬਣਾਉਣ ਦੀ ਬਖ਼ਸ਼ਸ਼ ਕੀਤੀ । ਕਈ ਵਰ ਦਿੱਤੇ ਇਨਾਮ ਬਖ਼ਸ਼ੇ, ਉਤਸ਼ਾਹ ਦਿੱਤਾ ਤੇ ਵਡਿਆਈ । ਆਪ ਜੀ ਦੀ ਕਵਿਤਾ ਨੂੰ ਸਤਿਗੁਰੂ ਜੀ ਨੇ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਬਖ਼ਸ਼ਿਆ ।

ਭਾਗ (ਅ)

੬ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ 'ਤੇ ਇੱਕ ਵਾਕ ਵਿੱਚ ਲਿਖੋ :- ੧*੮=੮

(੧) 'ਬਾਬਰਬਾਣੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

(੨) 'ਖੈਰ ਦੀਜੈ ਬੰਦਗੀ' ਵਿੱਚ ਬੰਦਗੀ ਦੀ ਖੈਰ ਕੌਣ ਮੰਗ ਰਿਹਾ ਹੈ ?

(੩) ਪ੍ਰੋ: ਪੂਰਨ ਸਿੰਘ ਅਨੁਸਾਰ ਪੰਜਾਬ ਦੇ ਨੌਜੁਵਾਨਾਂ ਨੂੰ ਵੱਸ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ ?

(੪) ਪੰਡਿਤ ਨਹਿਰੂ ਜੀ ਕਿਹੜੇ ਮੋਰਚੇ ਵਿੱਚ ਸਿੱਖਾਂ ਲਈ ਕੈਦ ਹੋਏ ?

(੫) ਬਿਸ਼ਨੋ ਬ੍ਰਹਮਣੀ ਨੇ ਜੀਤੀ ਨੂੰ ਕੀ ਮੱਤ ਦਿੱਤੀ ਸੀ ?

(੬) 'ਕਸਤੂਰੀ ਵਾਲਾ ਮਿਰਗ' ਕਹਾਣੀ ਵਿੱਚ ਕਸਤੂਰੀ ਵਾਲਾ ਮਿਰਗ ਕਿਸ ਨੂੰ ਕਿਹਾ ਗਿਆ ਹੈ ?

(੭) ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਜੀ ਦਾ ਜਨਮ ਕਿਥੇ ਹੋਇਆ ?

(੮) ਕਾਮਾਗਾਟਾ ਮਾਰੂ ਜਹਾਜ ਕੈਨੇਡਾ ਦੀ ਬੰਦਰਗਾਹ ਤੇ ਕਦੋਂ ਲੱਗਾ ?

cbses.biz
CBSE EBooks and CBSE Model Sample Papers classes X and XII

Cbsemath.com in the service of student community
The No. 1 CBSE Mathematics website in the world

੭.ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ 'ਤੇ ਇੱਕ ਵਾਕ ਵਿੱਚ ਲਿਖੋ :- ੨*੯=੧੮

(੧) ਸਾਈਂ ਬੁੱਲੇ ਸ਼ਾਹ ਕਿਹੜੀ ਸ਼ਗ੍ਰਾ ਨੂੰ ਤਿਆਗਣ ਲਈ ਕਹਿੰਦਾ ਹੈ ਅਤੇ ਕਿਉਂ ?

(੨) ਗੁਲਾਮ ਮੁਹੰਮਦ ਕੌਣ ਸੀ ਅਤੇ ਉਸ ਨੂੰ ਮਿਲ ਕੇ ਲੇਖਕ ਕਿਵੇਂ ਮਹਿਸੂਸ ਕਰਦਾ ਹੈ ?

(੩) 'ਟੁੱਟੀ ਭੱਜੀ ਨੌਕਰੀ' ਲੇਖ ਅਨੁਸਾਰ ਭਾਰਤ ਦੀ ਵੰਡ ਸਮੇਂ ਉਜੱੜ ਕੇ ਆਏ ਲੋਕਾਂ ਨੂੰ ਕਿਹੋ-ਜਿਹੀਆ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ?

(੪) ਪੁਲਿਸ ਚੌਕੀਂ ਇੰਚਾਰਜ ਮੁਖਤਿਆਰ ਸਿੰਘ ਅਸਲ ਵਿੱਚ ਕਿਹੜੀ ਗਸ਼ਤ ਉੱਤੇ ਨਿਕਲਦਾ ਹੈ ?

(੫) ਦਾਦੀ ਦੀ ਮੌਤ ਉੱਤੇ ਜੀਤੀ ਕੀ ਸੋਚ-ਸੋਚ ਕੇ ਪਰੇਸ਼ਾਨ ਸੀ ?

(੬) ਲੱਖੀ ਸ਼ਾਹ ਵਣਜਾਰੇ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਕਿਥੇ ਅਤੇ ਕਿਵੇਂ ਕੀਤਾ ?

(੭) ਭਾਰਤੀਆਂ ਦਾ ਕੈਨੇਡਾ ਪੁਜਣਾ ਰੋਕਣ ਲਈ ਉੱਥੋਂ ਦੀ ਸਰਕਾਰ ਨੇ ਕੀ-ਕੀ ਸ਼ਰਤਾਂ ਰੱਖਿਆਂ ?

(੮) ਟਾਲਸਟਏ ਨੇ ਕਿਸ ਤਰਾਂ ਦਾ ਸਕੂਲ ਖੋਲਿਆ ਅਤੇ ਇਸਨੂੰ ਬੰਦ ਕਿਉਂ ਕਰਵਾ ਦਿੱਤਾ ਗਿਆ ?

(੯) ਡਾ. ਰਾਧਾ ਕ੍ਰਿਸ਼ਨਨ ਜੀ ਜਦੋਂ ਵਿਖਿਆਨ ਦਿੰਦੇ ਸਨ ਤਾਂ ਉਹ ਕਿਹੋ-ਜਿਹਾ ਲੱਗਦਾ ਸੀ ਅਤੇ ਕਿਉਂ ?

੮. ਹੇਠ ਦਿੱਤੇ ਪੈਰ੍ਹੇ ਦੇ ਆਧਾਰ ਉੱਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਮੈਨੂੰ ਉਹਨਾਂ ਦੀ ਬੇ-ਸਮਝੀ ਅਤੇ ਅੜੀ ਉੱਤੇ ਅਕੇਵਾਂ ਵੀ ਹੋ ਰਿਹਾ ਸੀ ਅਤੇ ਗੁੱਸਾ ਵੀ ਆ ਰਿਹਾ ਸੀ। ਮੇਰੀ ਕੋਈ ਵੀ ਦਲੀਲ ਬਤਖ਼ ਦੇ ਖੰਭਾਂ ਉੱਤੇ ਪਈ ਪਾਣੀ ਦੀ ਬੂੰਦ ਵਾਂਗ ਉਹਨਾਂ ਦੇ ਦਿਮਾਗ਼ ਵਿੱਚ ਅਟਕ ਨਹੀਂ ਰਹੀ। ਪਰ ਮੈ ਘਰ ਵਿੱਚ ਆਏ ਬਜ਼ੁਰਗ ਨੂੰ ਕੀ ਆਖ ਸਕਦਾ ਸੀ।

(੧) ਇਹ ਪੰਕਤੀਆਂ ਕਿਸ ਕਹਾਣੀ ਵਿੱਚੋਂ ਹਨ ਅਤੇ ਕਹਾਣੀਕਾਰ ਕੌਣ ਹੈ ? ੧

cbseprojectwork.com
Readymade CBSE Maths Projects class IX and X. Power point presentations also available.

Cbsemath.com in the service of student community
The No. 1 CBSE Mathematics website in the world

(੨) ਇਸ ਕਹਾਣੀ ਵਿੱਚ ਕਿਸ ਪਾਤਰ ਨੂੰ ਕਿਸ ਦੀ ਬੇ-ਸਮਝੀ ਅਤੇ ਅੜੀ ਉੱਤੇ ਅਕੇਵਾਂ ਵੀ ਹੋ ਰਿਹਾ ਸੀ ਅਤੇ ਗੁੱਸਾ ਵੀ ਆ ਰਿਹਾ ਹੈ ? ੧

(੩) ਕੌਣ ਬਜ਼ੁਰਗ ਕਿਸ ਦੇ ਘਰ ਆਇਆ ਸੀ ਅਤੇ ਉਹ ਕਿਸ ਚੀਜ਼ ਲਈ ਜ਼ਿਦ ਕਰ ਰਿਹਾ ਸੀ ? ੨

੯ 'ਕੋਉ ਨ ਨਿਭਾਹਿਓ ਸਾਥਿ' ਇਕਾਂਗੀ ਨਾਟਕ ਤੋਂ ਸਾਡੇ ਕਿਸ ਸਮਾਜਕ ਵਰਤਾਰੇ ਬਾਰੇ ਕੀ ਪਤਾ ਚਲਦਾ ਹੈ ? ਇਕਾਂਗੀ ਵਿੱਚੋਂ ਉਦਾਹਰਨਾਂ ਦੇ ਕੇ ਉੱਤਰ ੧੦੦-੧੨੫ ਸ਼ਬਦਾਂ ਵਿੱਚ ਲਿਖੋ । ੫

੧੦ ਡਾ. ਬਲਵੀਰ ਸਿੰਘ ਦੇ ਲੇਖ 'ਪ੍ਰਾਰਥਨਾ' ਬਾਰੇ ਆਪਣੇ ਵਿਚਾਰ ੧੦੦-੧੨੫ ਸ਼ਬਦਾਂ ਵਿੱਚ ਲਿਖੋ । ੫

੧੧ ਹੇਠ ਲਿਖੇ ਕਾਵਿ-ਬੰਦਾਂ ਦੇ ਆਧਾਰ ਉੱਤੇ, ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ ॥

ਘਰ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ ॥

ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸੱਚਾ ਢੋਆ ॥

ਗੁਰਮੁਖਿ ਕਲਿ ਵਿੱਚ ਪਰਗਟੁ ਹੋਆ ॥

(੧) ਇਸ ਰਚਨਾ ਦਾ ਸਿਰਲੇਖ ਅਤੇ ਰਚਨਹਾਰ ਦਾ ਨਾਂ ਲਿਖੋ । ੧

(੨) ਕਿਸ ਦੇ ਪ੍ਰਭਾਵ ਨਾਲ ਘਰ-ਘਰ ਵਿੱਚ ਕੀ ਹੋਣ ਲੱਗ ਪਿਆ ? ੧

(੩) ਬਾਬੇ ਨੇ ਚਾਰੇ ਦਿਸ਼ਾਵਾਂ ਅਤੇ ਪ੍ਰਿਥਵੀ ਦੇ ਨੌਂ ਖੰਡਾਂ ਨੂੰ ਕਿਵੇਂ ਤਾਰਿਆ ? ੧

(੪) ਰਚਨਹਾਰ ਅਨੁਸਾਰ ਗੁਰੂ ਨਾਨਕ ਦੇਵ ਜੀ ਇਸ ਦੁਨੀਆਂ ਵਿੱਚ ਕਦੋਂ ਪਰਗਟ ਹੋਏ ? ੨

(ਅ) ਦੀਨਾਂ ਈਮਨਾਂ ਵਾਲਿਓ ਦਸਖ਼ਤ ਕਰੋ ।

cbses.biz
CBSE EBooks and CBSE Model Sample Papers classes X and XII

Cbsemath.com in the service of student community
The No. 1 CBSE Mathematics website in the world

ਦੋਹਾਂ ਜਹਾਨਾਂ ਵਾਲਿਓ ਦਸਖ਼ਤ ਕਰੋ ।

ਨੇਮਾਂ ਤੇ ਧਰਮਾਂ ਵਾਲਿਓ ਦਸਖ਼ਤ ਕਰੋ ।

ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ ।

(੧) ਇਸ ਰਚਨਾ ਦਾ ਸਿਰਲੇਖ ਅਤੇ ਰਚਨਹਾਰ ਦਾ ਨਾਂ ਲਿਖੋ ।

(੨) ਦੁਨੀਆਂ ਵਾਲਿਆਂ ਨੂੰ ਕਿਸ ਉੱਤੇ ਦਸਖ਼ਤ ਕਰਨ ਲਈ ਕਿਹਾ ਗਿਆ ਹੈ ?

(੩) ਦਸਖ਼ਤ ਕਰਨ ਲਈ ਕਿਸ ਕਿਸ ਪ੍ਰਕਾਰ ਦੇ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ ?

(੪) ਕਾਵਿ-ਬੰਦ ਅਨੁਸਾਰ ਦਸਖ਼ਤ ਕਰਨ ਨਾਲ ਕੀ ਚੰਗਾ ਹੋਵੇਗਾ ?

ਸੁਖਜਿੰਦਰ ਸਿੰਘ (ਟੀ.ਜੀ.ਟੀ ਪੰਜਾਬੀ)

ਜਵਾਹਰ ਨਵੋਦਿਆ ਵਿਦਿਆਲਿਆ(ਤਿਉਣਾ ਪੁਜਾਰੀਆਂ )

ਮੋਬਾਈਲ ਨੰ : 9417561893

ਈ ਮੇਲ : sssukhi25@Gmail.com

cbseprojectwork.com
Readymade CBSE Maths Projects class IX and X. Power point presentations also available.